(Meeting held on 10-9-2010)

INDEX

ਆਈਟਮ ਨੰ:	ਵਿਸ਼ਾ	ਪੰਨਾ ਨੰ:
1.01	ਪੁੱਡਾ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਬਾਰੇ ।	2-11
1.02	ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ (ਟੀ.ਏ) ਰੈਗੂਲੇਸਨ 1997 ਵਿੱਚ ਸੋਧ ਕਰਨ ਸਬੰਧੀ ।	12-15
	ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਅਨੁਸਾਰ ਕੋਈ ਹੋਰ ਅਜੰਡਾ ।	

ਅਜੰਡਾ ਆਈਟਮ ਨੰ: 1.01

(ਕਾਰਜਕਾਰੀ ਕਮੇਟੀ ਮੀਟਿੰਗ)

ਵਿਸ਼ਾ:- ਪੁੱਡਾ ਕਰਮਚਾਰੀਆਂ ਨੂੰ ਪੈਨਸਨ ਸਕੀਮ ਲਾਗੂ ਕਰਨ ਬਾਰੇ ।

ਅਥਾਰਟੀ ਦੀ ਮਿਤੀ 01-09-2010 ਨੂੰ ਹੋਈ 42ਵੀਂ ਮੀਟਿੰਗ ਵਿਚ ਪੁੱਡਾ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਬਾਰੇ ਅਜੰਡਾ ਆਈਟਮ ਨੰ: 42.05 (**ਅਨੁਲੱਗ-1**) ਪੇਸ਼ ਕੀਤਾ ਗਿਆ ਸੀ।

2. ਅਥਾਰਟੀ ਵਿਚ ਫੈਸਲਾ ਕੀਤਾ ਗਿਆ ਸੀ ਕਿ ਕਿਉਂ ਜੋ ਹੁਣ ਪੁੱਡਾ ਵਿਚ ਕਾਰਜਕਾਰੀ ਕਮੇਟੀ ਗਠਿਤ ਕੀਤੀ ਜਾ ਚੁੱਕੀ ਹੈ। ਇਸ ਲਈ ਇਸ ਨੂੰ ਵਿਚਾਰਨ ਲਈ ਕਾਰਜਕਾਰੀ ਕਮੇਟੀ ਪਾਸ ਪੇਸ਼ ਕੀਤਾ ਜਾਵੇ। ਅਥਾਰਟੀ ਦੀ ਕਾਰਵਾਈ ਅਜੇ ਜਾਰੀ ਕੀਤੀ ਜਾਣੀ ਹੈ।

3. ਐਲ.ਆਈ.ਸੀ ਨੂੰ 01-01-2010 ਨੂੰ ਪੁੱਡਾ ਵਿਚ ਹਾਜਰ 1483 ਕਰਮਚਾਰੀਆਂ ਦੀ 01-01-2010 ਦੀ ਤਨਖਾਹ ਦੀ ਡਿਟੇਲ ਪੰਜਾਬ ਸਰਕਾਰ ਦੇ ਪੈਨਸ਼ਨ ਰੂਲਾਂ ਅਨੁਸਾਰ liability ਵਰਕ-ਆਊਟ ਕਰਨ ਲਈ ਦਿੱਤੀ ਗਈ ਸੀ। ਐਲ.ਆਈ.ਸੀ ਨੇ ਆਪਣੇ ਪੱਤਰ ਨੰ: P&GS/HSCA ਮਿਤੀ 16-08-2010 (**ਅਨੁਲੱਗ-2**) ਰਾਹੀਂ ਸੂਚਿਤ ਕੀਤਾ ਹੈ ਕਿ ਜੇਕਰ ਇਨ੍ਹਾਂ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਪੈਨਸ਼ਨ ਅਤੇ ਫੈਮਲੀ ਪੈਨਸ਼ਨ ਦਿਤੀ ਜਾਂਦੀ ਹੈ ਤਾਂ 162.00 ਕਰੋੜ ਰੁਪਏ ਪਿਛਲੀ ਸਰਵਿਸ ਦੀ liability ਵਜੋਂ ਐਲ.ਆਈ.ਸੀ ਨੂੰ ਅਦਾ ਕਰਨੇ ਪੈਣਗੇ ਅਤੇ ਭਵਿੱਖ ਵਿਚ ਸਲਾਨਾ ਤਨਖਾਹ ਬਿੱਲ ਦਾ 12% ਦੇਣਾ ਪਵੇਗਾ।

4. ਪੁੱਡਾ ਕੋਲ Contributory Provident Fund ਅਧੀਨ ਇੰਪਲਾਇਰ (ਪੁੱਡਾ) ਸ਼ੇਅਰ ਵਜੋਂ ਲਗਭੱਗ 39.00 ਕਰੋੜ ਰੁਪਏ ਪਏ ਹਨ ਅਤੇ ਇਸ ਤਰ੍ਹਾਂ ਅਡੀਸ਼ਨ liability ਲਗਭੱਗ 123.00 ਕਰੋੜ ਰੁਪਏ ਰਹਿ ਜਾਂਦੀ ਹੈ। ਜੋ 12% ਸਲਾਨਾ ਤਨਖਾਹ ਬਿੱਲ ਦਾ ਐਲ.ਆਈ.ਸੀ ਵਲੋਂ ਮੰਗਿਆ ਗਿਆ ਹੈ ਉਹ ਪੁੱਡਾ ਵਲੋਂ Contributory Provident Fund ਅਧੀਨ ਸਲਾਨਾ ਇੰਪਲਾਇਰ ਸ਼ੇਅਰ ਦੇ ਬਰਾਬਰ ਹੈ।

5. ਐਲ.ਆਈ.ਸੀ ਦੇ ਨੁਮਾਇੰਦਿਆਂ ਨਾਲ ਮੁੱਖ ਪ੍ਰਸ਼ਾਸਕ, ਪੁੱਡਾ ਜੀ ਨੇ 2-3 ਵਾਰ ਇਸ ਸਬੰਧੀ ਵਿਚਾਰ-ਵਟਾਂਦਰਾ ਵੀ ਕੀਤਾ ਜਿਸ ਵਿਚ ਐਲ.ਆਈ.ਸੀ ਦੇ ਨੁਮਾਇੰਦਿਆਂ ਨੇ ਦਸਿਆ ਹੈ ਕਿ ਉਨ੍ਹਾਂ ਨੇ ਜੋ liability ਵਰਕ-ਆਊਟ ਕੀਤੀ ਹੈ ਉਸ ਵਿਚ 01-01-2010 ਦਾ 35% ਡੀ.ਏ ਅਤੇ ਰਿਟਾਇਰਮੈਂਟ ਦੀ ਮਿਤੀ ਤੱਕ 6% ਸਲਾਨਾ ਤਨਖਾਹ ਵਿਚ ਵਾਧਾ ਸ਼ਾਮਲ ਹੈ।

6. 1483 ਕਰਮਚਾਰੀਆਂ ਵਿਚੋਂ 01-01-2010 ਤੋਂ 31-08-2010 ਤੱਕ 21 ਕਰਮਚਾਰੀ ਰਿਟਾਇਰ ਹੋ ਚੁੱਕੇ ਹਨ ਅਤੇ 49 ਕਰਮਚਾਰੀ 01-01-2004 ਤੋਂ ਬਾਅਦ ਭਰਤੀ ਕੀਤੇ ਗਏ ਹਨ। ਜਿਨ੍ਹਾਂ ਨੂੰ ਪੈਨਸ਼ਨ ਸਕੀਮ ਲਾਗੂ ਹੋਣ ਦੀ ਸੂਰਤ ਵਿਚ New Pension Scheme (NPS) ਅਧੀਨ ਪੈਨਸ਼ਨ ਦੇਣੀ ਯਗ ਹੋਵੇਗੀ। ਇਸ ਤਰ੍ਹਾਂ ਇਨ੍ਹਾਂ 21+49 ਕੁੱਲ 70 ਕਰਮਚਾਰੀਆਂ ਦੀ ਲਗਭੱਗ 3.00 ਕਰੋੜ ਰੁਪਏ liability ਘੱਟ ਜਾਵੇਗੀ। ਅਸਲ liability ਜਿਸ ਮਿਤੀ ਤੋਂ ਪੈਨਸ਼ਨ ਦਿੱਤੀ ਜਾਣੀ ਹੈ ਅਨੁਸਾਰ ਮੁੜ ਵਰਕ-ਆਊਟ ਕਰਵਾਈ ਜਾਵੇਗੀ।

7. ਇਸ ਨਾਲ ਐਲ.ਆਈ.ਸੀ ਵਲੋਂ ਵਰਕ-ਆਊਟ ਕੀਤੀ 162.00 ਕਰੋੜ ਰੁਪਏ ਦੀ liability ਲਗਭੱਗ 159.00 ਕਰੋੜ ਰੁਪਏ ਹੋਵੇਗੀ ਜਿਸ ਵਿਚੋਂ 39.00 ਕਰੋੜ ਰੁਪਏ Contributory Provident Fund ਸਕੀਮ ਅਧੀਨ ਪੁੱਡਾ ਦੀ ਕੰਟਰੀਬਿਊਸ਼ਨ ਵਜੋਂ ਪਏ ਹਨ ਅਤੇ ਲਗਭੱਗ 120.00 ਕਰੋੜ ਰੁਪਏ ਦਾ ਹੋਰ ਵਿੱਤੀ ਬੋਝ ਪੁੱਡਾ ਤੇ ਪਵੇਗਾ ਜਿਸ ਨੂੰ ਸਾਰੀ ਨਵੀਆਂ ਅਥਾਰਟੀਆਂ ਵਲੋਂ ਸ਼ੇਅਰ ਕਰਨਾ ਬਣਦਾ ਹੈ।

8. ਇਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ ਮਿਤੀ 01-07-1995 ਨੂੰ ਪੁੱਡਾ ਹੋਂਦ ਵਿਚ ਆਉਣ ਤੋਂ ਬਾਅਦ ਤਕਰੀਬਨ 249 ਕਰਮਚਾਰੀ ਰਿਟਾਇਰ ਹੋ ਚੁੱਕੇ ਹਨ ਜਾਂ ਨੌਕਰੀ ਛੱਡ ਕੇ ਜਾ ਚੁੱਕੇ ਹਨ ਜਾਂ ਉਨ੍ਹਾਂ ਦਾ ਚਲਾਣਾ ਹੋ ਚੁੱਕਾ ਹੈ। ਇਨ੍ਹਾਂ ਕਰਮਚਾਰੀਆਂ ਨੂੰ ਪੁੱਡਾ ਦੀ Contributory Provident Fund ਸਕੀਮ ਅਧੀਨ ਪੁੱਡਾ ਦੀ ਕੰਟਰੀਬਿਊਸ਼ਨ ਦਿੱਤੀ ਜਾ ਚੁੱਕੀ ਹੈ ਅਤੇ ਜੇਕਰ ਇਨ੍ਹਾਂ ਨੂੰ ਪੈਨਸ਼ਨ ਦਿੱਤੀ ਜਾਣੀ ਹੈ ਤਾਂ ਉਸ ਸਬੰਧੀ ਵੱਖਰੇ ਤੌਰ ਤੇ ਵਿਚਾਰ ਕਰਨਾ ਬਣਦਾ ਹੈ। ਇਹ ਵੀ ਦੱਸਣਾ ਯੋਗ ਹੋਵੇਗਾ ਕਿ ਇਨ੍ਹਾਂ ਕਰਮਚਾਰੀਆਂ ਨੂੰ ਪੈਨਸ਼ਨ ਦੇਣ ਦੀ ਐਲ.ਆਈ.ਸੀ ਵਲੋਂ liability ਵਰਕ ਆਊਟ ਨਹੀਂ ਕੀਤੀ ਗਈ ਹੈ।

9. ਅਥਾਰਟੀ ਦੀ ਮਿਤੀ 01-09-2010 ਨੂੰ ਹੋਈ ਮੀਟਿੰਗ ਤੋਂ ਬਾਅਦ ਇਹ ਵਿਚਾਰ ਕੀਤਾ ਗਿਆ ਹੈ ਕਿ ਪੁੱਡਾ ਕਰਮਚਾਰੀਆਂ ਨੂੰ ਰਿਟਾਇਰਮੈਂਟ ਦੀ ਮਿਤੀ ਤੋਂ ਆਖਰੀ ਮਿਲਣ ਵਾਲੀ ਤਨਖਾਹ ਦਾ 50% ਸਮੇਤ ਉਸ ਸਮੇਂ ਦਾ ਡੀ.ਏ ਬਤੌਰ ਪੈਨਸ਼ਨ ਦਿੱਤਾ ਜਾਵੇ ਅਤੇ ਰਿਟਾਇਰਮੈਂਟ ਉਪਰੰਤ ਮਿਲਣ ਵਾਲੇ ਡੀ.ਏ ਦੀ ਥਾਂ ਤੇ ਇਕ fixed increase ਭਾਵ 5% ਜਾਂ 6% ਜਾਂ 7% ਜਾਂ 8% ਕੰਪਾਊਂਡ ਦਰ ਨਾਲ ਦਿੱਤੀ ਜਾਵੇ।

10. ਇਸ 5, 6, 7 ਅਤੇ 8 % ਕੰਪਾਊਂਡ ਬੜੋਤਰੀ ਨਾਲ ਐਲ.ਆਈ.ਸੀ ਵਲੋਂ ਦਸੇ ਫਾਰਮੂਲੇ ਅਨੁਸਾਰ ਅਗਲੇ 31 ਸਾਲਾਂ ਦੀ ਬਣਦੀ ਕੁੱਲ ਅੰਦਾਜਨ liability ਕ੍ਰਮਵਾਰ 403, 588, 836 ਅਤੇ 1167 ਕਰੋੜ ਰੁਪਏ ਅਤੇ ਉਸ ਦੀ NPV ਕ੍ਰਮਵਾਰ 67, 93, 126 ਅਤੇ 168 ਕਰੋੜ ਰੁਪਏ ਬਣਦੀ ਹੈ ਜੋ **ਅਨੁਲੱਗ-3, 4, 5 ਅਤੇ 6** ਤੇ ਵੇਖੀ ਜਾ ਸਕਦੀ ਹੈ।

11. ਅਜੰਡਾ ਕਾਰਜਕਾਰੀ ਕਮੇਟੀ ਸਨਮੁੱਖ ਪੁੱਡਾ ਕਰਮਚਾਰੀਆਂ ਨੂੰ ਐਲ.ਆਈ.ਸੀ ਦੁਆਰਾ ਪੈਨਸ਼ਨ ਦੇਣ ਸਨਮੁੱਖ ਵਿਚਾਰ ਅਤੇ ਹੇਠ ਅਨੁਸਾਰ ਫੈਸਲਾ ਕਰਨ ਹਿਤ ਪੇਸ਼ ਹੈ ਜੀ:-

1) ਕਿਸ ਮਿਤੀ ਤੋਂ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ।

2) 01-09-2010 ਤੋਂ ਬਾਅਦ ਰਿਟਾਇਰ ਹੋਣ ਵਾਲੇ 1413 ਕਰਮਚਾਰੀ ਜੋ 01-01-2004 ਤੋਂ ਪਹਿਲਾਂ ਨੌਕਰੀ ਵਿਚ ਆਏ ਸੀ, ਨੂੰ ਪੈਨ੦ਨ ਦੇਣ ਲਈ ਐਲ.ਆਈ.ਸੀ ਨੂੰ ਦੇਣ ਵਾਲੇ ਲਗਭੱਗ 120.00 ਕਰੋੜ ਰੁਪਏ ਦੇ ਵਾਧੂ ਵਿੱਤੀ ਬੋਝ ਦੀ ਪ੍ਰਵਾਨਗੀ।

3) ਇਸ ਲਗਭੱਗ 120.00 ਕਰੋੜ ਰੁਪਏ ਦੇ ਵਿੱਤੀ ਬੋਝ ਨੂੰ ਸਾਰੀ ਨਵੀਆਂ ਅਥਾਰਟੀਆਂ ਵਲੋਂ ਉਨ੍ਹਾਂ ਵਿਚ ਕੰਮ ਕਰਦੇ ਕਰਮਚਾਰੀਆਂ ਦੇ ਅਨੁਪਾਤ ਵਿਚ ੦ਅਰ ਕੀਤਾ ਜਾਵੇ।

4) ਰਿਟਾਇਰਮੈਂਟ ਉਪਰੰਤ ਪੈਰਾ 10 ਵਿਚ ਦੱਸਿਆ ਵਾਧਾ ਕਿਸ ਦਰ ਨਾਲ ਕਰਨਾ ਹੈ ।

5) ਕੀ 01-01-2004 ਤੋਂ ਬਾਅਦ ਸੇਵਾ ਵਿਚ ਆਏ ਕਰਮਚਾਰੀਆਂ ਤੇ NPS ਲਾਗੂ ਕਰ ਦਿੱਤੀ ਜਾਵੇ।

ਅਨੁਲੱਗ-1

ਅਜੰਡਾ ਆਇਟਮ: 42.05

ਵਿਸ਼ਾ:- ਪੁੱਡਾ ਕਰਮਚਾਰੀਆਂ ਨੂੰ ਪੈਨਸਨ ਸਕੀਮ ਲਾਗੂ ਕਰਨ ਬਾਰੇ ।

ਪੁੱਡਾ ਕਰਮਚਾਰੀਆਂ ਨੂੰ ਪੈਨਸਨ ਸਕੀਮ ਲਾਗੂ ਕਰਨ ਸਬੰਧੀ ਮਾਮਲੇ ਤੇ ਵਿਚਾਰ ਕਰਨ ਹਿੱਤ ਅਜੰਡਾ ਅਥਾਰਿਟੀ ਦੀ 39ਵੀਂ ਮੀਟਿੰਗ ਜੋ ਮਿਤੀ 3-2-2009 ਨੂੰ ਹੋਈ ਸੀ ਵਿੱਚ ਮੱਦ ਨੰ: 39.05 ਰਾਹੀਂ ਵਿਸਥਾਰਪੂਰਵਕ ਪੇਸ ਕੀਤਾ ਗਿਆ ਸੀ, ਜਿਸ ਸਬੰਧੀ ਅਥਾਰਿਟੀ ਵਲੋਂ ਇਹ ਮਾਮਲਾ ਆਗਾਮੀ ਹਣ ਵਾਲੀ ਮੀਟਿੰਗ ਵਿਚ ਪੇਸ ਕਰਨ ਲਈ ਕਿਹਾ ਗਿਆ ਸੀ ਜੋ ਕਿ ਮੁੜ ਅਥਾਰਿਟੀ ਦੀ 41ਵੀ ਮੀਟਿੰਗ ਜੋ ਮਿਤੀ 16-4-2010 ਨੂੰ ਹੋਈ ਵਿੱਚ ਪੇਸ ਕੀਤਾ ਗਿਆ ਪਰ ਸਮੇਂ ਦੀ ਘਾਟ ਹੋਣ ਕਰਕੇ ਅਥਾਰਿਟੀ ਵਲੋ ਇਹ ਮਾਮਲਾ ਮੁੜ ਆਗਾਮੀ ਹੋਣ ਵਾਲੀ ਮੀਟਿੰਗ ਵਿੱਚ ਪੇਸ ਕਰਨ ਦਾ ਫੈਸਲਾ ਕੀਤਾ ਗਿਆ।

ਇਹ ਮਾਮਲਾ ਅਥਾਰਿਟੀ ਦੀ 41ਵੀਂ ਮੀਟਿੰਗ ਵਿੱਚ ਪੇਸ ਕਰਨ ਤੋਂ ਪਹਿਲਾਂ ਮੁੜ ਘੋਖਿਆ ਗਿਆ ਸੀ ਅਤੇ ਇਸ ਸਕੀਮ ਲਈ past liablility ਦਾ ਅੰਦਾਜਾ ਲਗਾਉਣ ਲਈ ਵੱਖ ਵੱਖ ਬੀਮਾ ਕੰਪਨੀਆਂ ਤੋਂ ਪੈਨਸਨ ਸਕੀਮ ਲਾਗੂ ਕਰਨ ਸਬੰਧੀ ਤਜਵੀਜਾਂ ਮੰਗੀਆਂ ਗਈਆਂ ਸਨ ਜਿਸਦੀ ਤੁਲਨਾਤਮਕ ਸੂਚੀ (Appendix-III) ਤੇ ਨੱਥੀ ਹੈ। ਇਸ ਤੋਂ ਅੰਦਾਜਾ ਹੁੰਦਾ ਹੈ ਕਿ ਪੁੱਡਾ ਵਿੱਚ ਪੈਨਸਨ ਸਕੀਮ ਲਾਗੂ ਕਰਨ ਲਈ past liability ਵਜੋਂ ਲਗੱਭਗ 200 ਕਰੋੜ ਰੁਪਏ ਦੀ ਦੇਣਦਾਰੀ ਦੀ ਲੋੜ ਹੋਵੇਗੀ । ਜਿਸ ਵਿੱਚ ਲਗੱਭਗ 42 ਕਰੋੜ ਰੁਪਏ ਪੁੱਡਾ ਦੀ ਇੰਪਲਾਇਰ ਕੰਟ੍ਰੀਬਿਊਸਨ ਵਜੋ ਸੀ.ਪੀ.ਐਫ ਖਾਤੇ ਵਿੱਚ ਪਹਿਲਾਂ ਹੀ ਅਲੱਗ ਤੋਰ ਤੇ ਪਏ ਹਨ। ਇਸ ਤਰਾ ਲਗਭੱਗ 158 ਕਰੋੜ ਰੁਪਏ ਦੀ ਪੈਨਸਨ ਫੰਡ ਵਿਚ ਲੋੜ ਹੋਵੇਗੀ ਜੋ ਕਿ 5 ਸਾਲਾਂ ਵਿੱਚ ਵੀ ਦਿੱਤੀ ਜਾ ਸਕਦੀ ਹੈ। ਇਸ ਨਾਲ ਸਰਕਾਰ ਤੇ ਕੋਈ ਵਿੱਤੀ ਬੋਝ ਨਹੀਂ ਪਵੇਗਾ ।

ਅਥਾਰਿਟੀ ਨੂੰ 39ਵੀਂ ਮੀਟਿੰਗ ਦੋਰਾਨ ਅਜੰਡਾ ਆਇਟਮ ਨੰ: 39.05 ਰਾਹੀਂ ਪੇਸ ਕੀਤੇ ਗਏ ਤੱਥਾਂ ਦਾ ਵਿਸਥਾਰਪੂਰਵਕ ਵਿਵਰਣ ਹੇਠ ਅਨੁਸਾਰ ਹੈ:-

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੇ ਕਰਮਚਾਰੀਆਂ ਨੂੰ ਤਨਖਾਹ ਅਤੇ ਭੱਤਿਆਂ ਦੀ ਅਦਾਇਗੀ ਪੰਜਾਬ ਰੀਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ- 1995 ਦੀ ਧਾਰਾ 26 (2) ਤਹਿਤ ਅਥਾਰਿਟੀ ਵਲੋਂ ਇਸ ਐਕਟ ਦੀ ਧਾਰਾ 182 (ਡੀ) ਦੇ ਉਪਬੰਧ ਅਨੁਸਾਰ ਸਮੇਂ ਸਮੇਂ ਸਿਰ ਪ੍ਰਵਾਨ ਕੀਤੇ ਗਏ ਰੈਗੂਲੇਸ਼ਨਾਂ ਮੁਤਾਬਿਕ ਕੀਤੀ ਜਾਣੀ ਹੈ। ਪੁੱਡਾ ਦੇ ਹੋਂਦ ਵਿਚ ਆਉਣ ਮਗਰੋਂ ਪੁੱਡਾ ਕਰਮਚਾਰੀਆਂ ਦੀਆਂ ਵੱਖ ਵੱਖ ਜਥੇਬੰਦੀਆਂ ਵਲੋਂ ਸਮੇਂ ਸਮੇਂ ਸਿਰ ਪੁੱਡਾ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਕੀਤੀ ਜਾਂਦੀ ਰਹੀ ਹੈ। ਇਸ ਸਬੰਧ ਵਿੱਚ ਪਹਿਲਾਂ ਪੁੱਡਾ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਹਿੱਤ ਮਾਮਲਾ ਅਥਾਰਿਟੀ ਦੀ ਚੌਥੀ ਮੀਟਿੰਗ ਵਿੱਚ ਮਦ ਨੰ: 4.11 ਰਾਹੀਂ ਵਿਚਾਰਿਆ ਗਿਆ ਸੀ। ਇਸ ਮਦ ਨੂੰ ਅਥਾਰਿਟੀ ਵਲੋਂ ਵਿਸਥਾਰ ਪੂਰਵਕ ਵਿਚਾਰਨ ਉਪਰੰਤ ਸਿਧਾਂਤਕ ਤੌਰ ਤੇ ਪ੍ਰਵਾਨ ਕਰਨ ਮਗਰੋਂ ਇਹ ਸਕੀਮ ਲੋੜੀਂਦੀ ਪ੍ਰਵਾਨਗੀ ਲਈ ਮਾਨਯੋਗ ਚੇਅਰਮੈਨ, ਪੁੱਡਾ ਜੀ ਨੂੰ ਪ੍ਰਵਾਨਗੀ ਲਈ ਪੇਸ਼ ਕਰਨ ਅਤੇ ਪ੍ਰਵਾਨਿਤ ਸਕੀਮ ਸੂਚਨਾ ਹਿੱਤ ਅਥਾਰਿਟੀ ਨੂੰ ਪੇਸ਼ ਕਰਨ ਦਾ ਫੈਸਲਾ ਕੀਤਾ ਗਿਆ ਸੀ। ਅਥਾਰਿਟੀ ਦੇ ਇਸ ਫੈਸਲੇ ਦੇ ਸਨਮੁੱਖ ਪੈਨਸ਼ਨ ਸਕੀਮ ਦਾ ਡਰਾਫਟ ਤਿਆਰ ਕਰਕੇ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਲਈ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਦੀ ਪ੍ਰਵਾਨਗੀ ਮਗਰੋਂ ਡਰਾਫਟ ਨੋਟੀਫਿਕੇਸ਼ਨ ਜਾਰੀ ਪੁੱਡਾ ਐਕਟ ਦੀ ਧਾਰਾ 180 (2) (ਪੀ) ਦੇ ਉਪਬੰਧ ਤਹਿਤ ਨੋਟੀਫਿਕੇਸਨ ਜਾਰੀ ਕਰਨ ਹਿੱਤ ਸਰਕਾਰ ਨੂੰ ਭੇਜ ਦਿੱਤਾ ਗਿਆ ਸੀ। ਸਰਕਾਰ ਵੱਲੋਂ ਇਹ ਮਾਮਲਾ ਵਿੱਤ ਵਿਭਾਗ ਨਾਲ ਵਿਚਾਰਨ ਮਗਰੋਂ ਇਸਦੀ ਪ੍ਰਵਾਨਗੀ ਸਬੰਧੀ ਅਸਹਿਮਤੀ ਪ੍ਰਗਟਾਈ ਗਈ ਸੀ ।

ਸਰਕਾਰ ਦੇ ਇਸ ਫੈਸਲੇ ਮਗਰੋਂ ਪੁੱਡਾ ਕਰਮਚਾਰੀਆਂ ਦੀਆਂ ਵੱਖ-ਵੱਖ ਜਥੇਬੰਦੀਆਂ ਵਲੋਂ ਸਮੇਂ ਸਮੇਂ ਸਿਰ ਪੈਨਸ਼ਨ ਸਕੀਮ ਲਾਗੂ ਕਰਨ ਲਈ ਪ੍ਰਬੰਧਕੀ ਅਧਿਕਾਰੀਆਂ ਨੂੰ ਜੋਰ ਪਾਇਆ ਜਾਂਦਾ ਰਿਹਾ ਹੈ ਕਿ ਅਥਾਰਿਟੀ ਵਲੋਂ ਪੁੱਡਾ ਕਰਮਚਾਰੀਆਂ ਦੀ ਪੈਨਸ਼ਨ ਸਕੀਮ ਨੂੰ ਪਹਿਲਾਂ ਹੀ ਪ੍ਰਵਾਨ ਕੀਤਾ ਜਾ ਚੁੱਕਾ ਹੈ ਇਸ ਲਈ ਇਸ ਮਾਮਲੇ ਨੂੰ ਮੁੜ ਵਿਚਾਰਿਆ ਜਾਵੇ। ਇਸ ਮਾਮਲੇ ਤੇ ਪੁਨਰ ਵਿਚਾਰ ਕਰਨ ਲਈ ਵਧੀਕ ਮੁੱਖ ਪ੍ਰਸ਼ਾਸਕ (ਮੁ:ਦ:), ਵਧੀਕ ਮੁੱਖ ਪ੍ਰਸ਼ਾਸਕ (ਵਿੱਤ ਤੇ ਲੇਖਾ) ਅਤੇ ਸੀਨੀਅਰ ਲਾਅ ਅਫਸਰ ਦੀ ਕਮੇਟੀ ਦਾ ਗਠਨ ਕੀਤਾ ਗਿਆ ਸੀ, ਪਰ ਕਮਟੀ ਵਲੋਂ ਕੋਈ ਰਿਪੋਰਟ ਪੇਸ਼ ਨਹੀਂ ਕੀਤੀ ਗਈ। ਇਸ ਉਪਰੰਤ ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ ਦੀ ਮਾਨਯੋਗ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ, ਵਾਈਸ ਚੇਅਰਮੈਨ ਅਤੇ ਮੁੱਖ ਪ੍ਰਸ਼ਾਸਕ ਨਾਲ ਮਿਤੀ 25-8-2005 ਨੂੰ ਮੀਟਿੰਗ ਹੋਈ ਅਤੇ ਮੀਟਿੰਗ ਦੀ ਜਾਰੀ ਹੋਈ ਪ੍ਰੋਸੀਡਿੰਗ ਵਿੱਚ ਇਹ ਭਰੋਸਾ ਦਿੱਤਾ ਗਿਆ ਸੀ ਕਿ ਪੁੱਡਾ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਲਈ ਜੇ ਲੋੜ ਹੋਈ ਤਾਂ ਬੈਂਕ ਸੰਸਥਾਵਾਂ/ਐਲ.ਆਈ.ਸੀ ਦੇ ਨਾਲ ਵਿਚਾਰ ਵਟਾਂਦਰਾ ਕਰਕੇ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ ਤੇ ਇਸ ਸਬੰਧੀ ਪੁੱਡਾ ਵੀ ਪੈਨਸ਼ਨ ਲਈ ਆਪਣਾ ਯੋਗਦਾਨ ਪਾਵੇਗਾ । ਇਸ ਸਬੰਧੀ ਬੈਂਕਾਂ/ਐਲ.ਆਈ.ਸੀ. ਨਾਲ ਵਿਚਾਰਨ ਮਗਰੋਂ ਇਹ ਕੇਸ ਮੁੱਖ ਪ੍ਰਸ਼ਾਸਕ ਜੀ ਨੂੰ ਪੇਸ਼ ਕੀਤਾ ਗਿਆ ਸੀ ਤੇ ਮੁੱਖ ਪ੍ਰਸ਼ਾਸਕ ਜੀ ਵਲੋਂ ਮੁੜ ਵਧੀਕ ਮੁੱਖ ਪ੍ਰਸ਼ਾਸਕ (ਮੁ:ਦ:), ਮੁੱਖ ਲੇਖਾ ਅਫਸਰ ਅਤੇ ਸੀਨੀਅਰ ਲਾਅ ਅਫਸਰ ਦੀ ਗਠਿਤ ਕਮੇਟੀ ਨੂੰ ਇਹ ਕੇਸ ਪਹਿਲਾਂ ਘੋਖਕੇ ਆਪਣੀਆਂ ਸਿਫਾਰਸ਼ਾਂ ਦੇਣ ਲਈ ਕਿਹਾ ਗਿਆ। ਵੱਖ ਵੱਖ ਬੈਂਕਾਂ/ਵਿੱਤੀ ਸੰਸਥਾਵਾਂ ਨਾਲ ਕੇਸ ਦੇ ਤੱਥਾਂ ਸਬੰਧੀ ਕਮੇਟੀ ਵਲੋਂ ਵਿਚਾਰ ਵਟਾਂਦਰਾ ਕਰਨ ਮਗਰੋਂ ਕਮੇਟੀ ਵਲੋਂ ਨਿਮਨ ਲਿਖਤ ਅਨੁਸਾਰ ਸਿਫਾਰਸ਼ਾਂ ਦਿੱਤੀਆਂ ਗਈਆਂ ਸਨ:-

> "The Committee feels that introduction of pension scheme can be made if atleast Rs. 200 crores are contributed towards pension by the Authority and the employer contribution which is being made towards the Provident Fund of the employee has also been calculated. The last retirement is to be made during the year 2041.Recently two separate Authorities have also been constituted i.e. Greater Mohali Area Development Authority. Both these Authorities shall have to contribute proportionately towards pension fund. The pension scheme as already approved by the Authority can be implemented if Rs. 200 crores in five annual installments is contributed towards pension fund by PUDA and the greater authorities recently constituted proportionately.
>
> The amount which is to be contributed can be recovered within 20 years i.e. upto 2027 if the employer contributory provident fund is managed separately."

ਕਮੇਟੀ ਵਲੋਂ ਉਕਤ ਸਿਫਾਰਸ਼ਾਂ ਦੇ ਸਨਮੁੱਖ ਇਹ ਕੇਸ ਕਿਸੇ ਵੀ ਮਾਨਤਾ ਪ੍ਰਾਪਤ ਬੈਂਕ/ਬੈਂਕ ਸੰਸਥਾਵਾਂ ਨਾਲ ਜਾਂ ਲੇਖਾ ਸ਼ਾਖਾ ਪੁੱਡਾ ਦੀ ਪੱਧਰ ਤੇ ਇਸ ਦੀ ਮੁਕੰਮਲ ਸਕੀਮ ਤਿਆਰ ਕਰਕੇ ਅਥਾਰਿਟੀ ਵਲੋਂ ਪਹਿਲਾਂ ਮਦ ਨੰ: 4.11 ਰਾਹੀਂ ਲਏ ਗਏ ਫੈਸਲੇ ਦੇ ਮੱਦੇਨਜ਼ਰ ਮੁੱਖ ਪ੍ਰਸ਼ਾਸਕ ਪੁੱਡਾ ਨਾਲ ਆਪਣੇ ਪੱਧਰ ਤੇ ਇਹ ਮਾਮਲਾ ਨਿਪਟਾਉਣ ਉਪਰੰਤ ਅਥਾਰਿਟੀ ਨੂੰ ਸੂਚਨਾ ਹਿੱਤ ਪੇਸ਼ ਕਰਨ ਲਈ ਅਧਿਕਾਰ ਦੇਣ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ। ਪਰ ਉਕਤ ਤਜਵੀਜ ਸਬੰਧੀ ਕੋਈ ਕਾਰਵਾਈ ਨਹੀਂ ਹੋ ਸਕੀ ਅਤੇ ਕੇਸ ਲੰਬਿਤ ਰੱਖਿਆ ਗਿਆ।

ਮਿਤੀ 28-01-2008 ਨੂੰ ਕਰਮਚਾਰੀ ਦਲ ਭਗੜਾਣਾ ਜੋ ਕਿ ਪੁੱਡਾ ਕਰਮਚਾਰੀ ਜਥੇਬੰਦੀਆਂ ਦੀ ਨੁਮਾਇੰਦਗੀ ਕਰਦਾ ਹੈ ਵਲੋਂ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ, ਪੁੱਡਾ/ਗਮਾਡਾ ਐਸ.ਏ.ਐਸ ਨਗਰ ਨੂੰ ਮੰਗ ਪੱਤਰ ਪੇਸ਼ ਕੀਤਾ ਗਿਆ, ਜਿਸ ਰਾਹੀਂ ਪੁੱਡਾ ਕਰਮਚਾਰੀਆਂ ਨੂੰ ਪੈਨਸ਼ਨ ਲਾਗੂ ਕਰਨ ਦੀ ਮੁੜ ਮੰਗ ਕੀਤੀ ਗਈ। ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੇ ਦਫਤਰ ਵਲੋਂ ਜਥੇਬੰਦੀ ਦਾ ਇਹ ਮੰਗ ਪੱਤਰ ਅੰ:ਵਿ:ਪੱਤਰ ਨੰ: ਐਫ-4-2008/214-ਡੀ/2518 ਮਿਤੀ 10-12-2008 ਰਾਹੀਂ ਮਾਨਯੋਗ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ

ਵਿਕਾਸ ਜੀ ਰਾਹੀਂ ਮੁੱਖ ਪ੍ਰਸ਼ਾਸਕ, ਪੁੱਡਾ ਨੂੰ ਵਿਚਾਰਨ ਹਿੱਤ ਭੇਜਿਆ ਗਿਆ। ਇਸ ਸਬੰਧ ਵਿੱਚ ਮੁੱਖ ਪ੍ਰਸ਼ਾਸਕ, ਪੁੱਡਾ ਵਲੋਂ ਜਥੇਬੰਦੀ ਨੂੰ ਮਿਤੀ 5-2-2009 ਨੂੰ ਮੀਟਿੰਗ ਕੀਤੀ ਗਈ ਅਤੇ ਮੀਟਿੰਗ ਦੀ ਕਾਰਵਾਈ ਅਨੁਸਾਰ ਹੇਠ ਲਿਖੇ ਮੁਤਾਬਿਕ ਫੈਸਲਾ ਕੀਤਾ ਗਿਆः-

"ਮੁੱਖ ਪ੍ਰਸ਼ਾਸਕ ਜੀ ਵਲੋਂ ਨੁਮਾਇੰਦਿਆਂ ਨੂੰ ਦਸਿਆ ਗਿਆ ਕਿ ਚੰਡੀਗੜ੍ਹ ਹਾਊਸਿੰਗ ਪੈਟਰਨ ਤੇ ਪੁੱਡਾ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਲਈ ਕੇਸ ਅਥਾਰਿਟੀ ਦੀ ਅਗਾਮੀ ਮੀਟਿੰਗ ਵਿਚ ਵਿਚਾਰ ਲਿਆ ਜਾਵੇਗਾ। ਇਸ ਸਬੰਧੀ ਪਹਿਲਾਂ ਚੰਡੀਗੜ੍ਹ ਹਾਊਸਿੰਗ ਬੋਰਡ ਦੀ ਪਾਲਿਸੀ ਦਫਤਰ ਵਿਚ ਘੋਖ ਲਈ ਜਾਵੇ।"

ਜਿਥੋਂ ਤੱਕ ਚੰਡੀਗੜ੍ਹ ਹਾਊਸਿੰਗ ਬੋਰਡ ਵਲੋਂ ਐਲ.ਆਈ.ਸੀ ਰਾਹੀਂ ਪੈਨਸ਼ਨ ਸਕੀਮ ਲਾਗੂ ਕਰਨ ਦਾ ਸਬੰਧ ਹੈ ਰਾਹੀਂ ਸਕੀਮ ਦੇ ਕਾਨੂੰਨੀ ਨੁਕਤੇ, ਕਰਮਚਾਰੀਆਂ ਦੇ EPF ਸਬੰਧੀ ਸਬੰਧਤ ਵਿਭਾਗ ਤੋਂ ਇਤਰਾਜਹੀਨਤਾ ਸਰਟੀਫਿਕੇਟ ਬਣਦਾ ਵਿੱਤੀ ਭਾਰ ਅਤੇ ਕਰਮਚਾਰੀਆਂ ਤੋਂ ਪੈਨਸ਼ਨ ਲੈਣ ਸਬੰਧੀ ਸਹਿਮਤੀਆਂ ਲੈਣ ਆਦਿ ਮੁੱਦਿਆਂ ਨੂੰ ਅਧਾਰ ਬਣਾਇਆ ਗਿਆ ਹੈ।

ਪੁੱਡਾ ਕਰਮਚਾਰੀਆਂ ਤੇ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਮੁੱਖ ਪ੍ਰਸ਼ਾਸਕ ਜੀ ਵਲੋਂ ਵਧੀਕ ਮੁੱਖ ਪ੍ਰਸਾਸਕ (ਮੁ:ਦ:),ਵਧੀਕ ਮੁੱਖ ਪ੍ਰਸਾਸਕ (ਵਿੱ ਤੇ ਲੇ) ਅਤੇ ਸੀ. ਲਾਅ ਅਫਸਰ ਦੀ ਪਹਿਲਾਂ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਕਾਨੂੰਨੀ ਸਲਾਹ ਪਹਿਲਾਂ ਹੀ ਪ੍ਰਾਪਤ ਕੀਤੀ ਜਾ ਚੁੱਕੀ ਹੈ। ਪੁੱਡਾ ਕਰਮਚਾਰੀਆਂ ਦੇ ਸੀ.ਪੀ.ਐਫ. ਦੀਆਂ ਰਕਮਾਂ ਪੁੱਡਾ ਦੇ ਕੰਟਰੋਲ ਅਧੀਨ ਹੀ ਰੱਖਿਆਂ ਹੋਇਆ ਹੈ। ਇਸ ਲਈ ਪ੍ਰੋਵੀਡੈਂਟ ਫੰਡ ਕਮਿਸ਼ਨ ਤੋਂ ਇਤਰਾਜਹੀਣਤਾ ਸਰਟੀਫਿਕੇਟ ਲੈਣ ਦੀ ਪੁੱਡਾ ਨੂੰ ਲੋੜ ਨਹੀਂ ਹੈ ਅਤੇ ਪੁੱਡਾ ਕਰਮਚਾਰੀਆਂ ਤੇ ਪੈਨਸ਼ਨ ਲਾਗੂ ਕਰਵਾਉਣ ਸਬੰਧੀ ਪੁੱਡਾ ਵਲੋਂ ਪਹਿਲਾਂ ਹੀ ਸਹਿਮਤੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ। ਇਸ ਤੋਂ ਇਲਾਵਾ ਪੈਨਸ਼ਨ ਦੇਣ ਹਿੱਤ ਯਕਮੁਸ਼ਤ ਅਤੇ ਲੰਮੇ ਸਮੇਂ ਤੱਕ ਪੈਣ ਵਾਲੇ ਵਿੱਤੀ ਭਾਰ ਸਬੰਧੀ ਬਣਦੀ ਰਕਮ ਦੀ ਕੈਲਕੁਲੇਸ਼ਨ ਪਹਿਲਾਂ ਹੀ ਪੁੱਡਾ ਦੀ ਲੇਖਾ ਸ਼ਾਖਾ ਵਲੋਂ ਕੀਤੀ ਜਾ ਚੁੱਕੀ ਹੈ। ਪੁੱਡਾ ਦੀ ਲੇਖਾ ਸ਼ਾਖਾ ਵਲੋਂ ਇਹ ਵਿੱਤੀ ਭਾਰ ਦੀ ਰਿਪੋਰਟ ਪੁੱਡਾ ਵਲੋਂ ਪਹਿਲਾਂ ਵਿੱਤੀ ਸੰਸਥਾਵਾਂ ਨਾਲ ਪੁੱਡਾ ਕਰਮਚਾਰੀਆਂ ਨੂੰ ਪੈਨਸ਼ਨ ਲਾਗੂ ਕਰਨ ਸਬੰਧੀ ਪ੍ਰਾਪਤ ਮੰਗ ਦੇ ਸਨਮੁੱਖ ਕੀਤੀ ਗਈ ਹੈ।

ਚੰਡੀਗੜ੍ਹ ਹਾਊਸਿੰਗ ਬੋਰਡ ਵਲੋਂ ਆਪਣੇ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ ਪੰਜਾਬ ਸਿਵਲ ਸਰਵਿਸਜ ਨਿਯਮਾਂ (ਵਾਲਿਯੂਮ-II) ਦੇ ਉਪਬੰਧ ਅਨੁਸਾਰ ਲਾਗੂ ਕੀਤੀ ਗਈ ਹੈ। ਇਸੇਤਰ੍ਹਾਂ ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨ-1999 ਦੇ ਰੈਗੂਲੇਸ਼ਨ-43 ਰਾਹੀਂ ਇਹ ਵਿਸ਼ੇਸ਼ ਤੌਰ ਤੇ ਉਪਬੰਧ ਕੀਤਾ ਹੋਇਆ ਹੈ ਕਿ ਜਿਥੇ ਕੋਈ ਮਾਮਲਾ ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨ ਤਹਿਤ ਨਾ ਸੁਲਝਾਇਆ ਜਾ ਸਕੇ ਦਾ ਨਿਪਟਾਰਾ ਪੰਜਾਬ ਸਿਵਲ ਸੇਵਾ ਨਿਯਮਾਂ ਤੇ ਇਨ੍ਹਾਂ ਸਬੰਧੀ ਸਮੇਂ ਸਮੇਂ ਸਿਰ ਪੰਜਾਬ ਸਰਕਾਰ ਵਲੋਂ ਜਾਰੀ ਸੋਧਾਂ/ਹਦਾਇਤਾਂ ਦੇ ਸਨਮੁੱਖ ਸੁਲਝਾਉਣ/ਨਿਪਟਾਰਾ ਕਰਨ ਦਾ ਉਪਬੰਧ ਕੀਤਾ ਹੋਇਆ ਹੈ। ਇਸ ਤਰ੍ਹਾਂ ਚੰਡੀਗੜ੍ਹ ਹਾਊਸਿੰਗ ਬੋਰਡ ਦੇ ਪੈਟਰਨ ਤੇ ਪੁੱਡਾ ਕਰਮਚਾਰੀਆਂ ਨੁ ਵੀ ਪੰਜਾਬ ਸਿਵਲ ਸਰਵਿਸ ਨਿਯਮਾਂ(ਵਾਲਿਯੂਮ-II) ਦੇ ਉਪਬੰਧ ਅਨੁਸਾਰ ਪੈਨਸ਼ਨ ਸਕੀਮ ਲਾਗੂ ਕਰਨ ਵਿੱਚ ਕੋਈ ਰੁਕਾਵਟ ਨਹੀਂ ਹੈ ਅਤੇ ਇਹ ਸਕੀਮ ਨੂੰ ਲਾਗੂ ਕਰਨ ਨਾਲ ਸਰਕਾਰ ਤੇ ਕੋਈ ਵਿੱਤੀ ਬੋਝ ਨਹੀਂ ਪਵੇਗਾ।

ਪੁੱਡਾ ਵਿਚ ਐਲ.ਆਈ.ਸੀ ਵਲੋਂ ਚੰਡੀਗੜ੍ਹ ਹਾਊਸਿੰਗ ਬੋਰਡ ਦੇ ਪੈਟਰਨ ਤੇ ਪੈਨਸਨ ਸਕੀਮ ਲਾਗੂ ਕਰਨ ਲਈ ਪੁੱਡਾ ਦੀ ਲੇਖਾ ਸਾਖਾ ਵਲੋਂ ਐਲ.ਆਈ.ਸੀ ਨਾਲ ਸੰਪਰਕ ਕੀਤਾ ਗਿਆ ਅਤੇ ਉਨ੍ਹਾਂ ਨੇ ਪੁੱਡਾ ਕਰਮਚਾਰੀਆਂ ਨੂੰ ਪੈਨਸਨ ਸਕੀਮ ਲਾਗੂ ਕਰਨ ਸਬੰਧੀ ਸਹਿਮਤੀ ਦੇ ਦਿੱਤੀ ਹੈ ਅਤੇ ਸਕੀਮ ਦੇ ਜਰੂਰੀ ਅੰਸ ਨਿਮਨ ਅਨੁਸਾਰ ਦਿੱਤੇ ਹਨः-

ੳ ਇਹ ਸਕੀਮ ਮਿਤੀ 01-01-2004 ਨੂੰ ਜਾਂ ਉਸ ਤੋਂ ਬਾਅਦ ਭਰਤੀ ਕਰਮਚਾਰੀਆਂ ਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਲਾਗੂ ਨਹੀਂ ਹੋਵੇਗੀ ।

ਅ ਬਣਦੀ ਅੰਦਾਜਨ ਕੁੱਲ ਵਿੱਤੀ ਬੋਝ ਦੀ ਰਕਮ 178.00 ਕਰੋੜ ਜੋ ਕਿ ਰਿਵਾਇਜਡ ਸਕੇਲਾ ਅਨੁਸਾਰ ਲਗਭੱਗ 209.00 ਕਰੋੜ ਰੁਪਏ ਹੋਵੇਗੀ ਅਤੇ ਅਗੇ ਲਈ ਸਲਾਨਾ ਤਨਖਾਹ ਬਿਲਾਂ ਦਾ 12% ਹੋਵੇਗੀ ।

ੲ 209.00 ਕਰੋੜ ਦੀ ਪ੍ਰਤੀਪੂਰਤੀ ਲਈ ਪੁੱਡਾ ਜਾਂ ਸਬੰਧਤ ਅਥਾਰਿਟੀਆਂ ਜੋ ਵਿੱਤੀ ਬੋਝ ਪਵੇਗਾ ਦਾ ਵੇਰਵਾ:-

(i) 35.00 ਕਰੋੜ ਰੁਪਏ ਜੋ ਪਹਿਲਾਂ ਹੀ ਪੁੱਡਾ ਕੰਟੀਬਿਉਸਨ ਦੇ ਜਮਾਂ ਹਨ (ਇਸ ਰਕਮ ਦੀ ਅਦਾਇਗੀ ਕਰਨ ਤੇ ਪੁੱਡਾ ਨੂੰ ਕੋਈ ਵਿੱਤੀ ਬੋਝ ਨਹੀਂ ਹੈ ਕਿਉਂਕਿ ਇਹ ਰਕਮ ਪਹਿਲਾਂ ਹੀ ਪੁੱਡਾ ਕਰਮਚਾਰੀਆਂ ਦੇ ਖਾਤੇ ਵਿੱਚ ਜਮ੍ਹਾਂ ਹੈ।

209.00-35.00 = 174 ਕਰੋੜ

ਸ ਜੇਕਰ ਅਥਾਰਿਟੀ ਵਲੋਂ 174.00 ਕਰੋੜ ਦੀ ਆਮਦਨ ਟੈਕਸ ਦੀ ਰਿਬੇਟ ਹਾਸਲ ਕੀਤੀ ਜਾਂਦੀ ਹੈ ਤਾਂ ਇਸਤੇ 33% ਆਮਦਨ ਟੈਕਸ ਦੀ ਮਿਲਣ ਵਾਲੀ ਕੁੱਲ ਰਿਬੇਟ ਦੀ ਰਕਮ 57.42 ਕਰੋੜ ਬਣਦੀ ।

174.00-57.42 = 116.58 ਕਰੋੜ

ਹ ਪੁੱਡਾ ਕਰਮਚਾਰੀਆਂ ਤੇ ਪੈਨਸਨ ਕਰਨ ਲਈ ਯਕਮੁਸਤ ਰਕਮ ਐਲ.ਆਈ.ਸੀ ਨੂੰ ਜਮ੍ਹਾਂ ਕਰਵਾਉਣ ਤੇ ਅਥਾਰਿਟੀ ਨੂੰ ਕੁੱਲ 116.58 ਕਰੋੜ ਰੁਪਏ ਦਾ ਵਿੱਤੀ ਬੋਝ ਪਵੇਗਾ ।

ਕ ਅਥਾਰਿਟੀ ਵਲੋਂ ਐਲ.ਆਈ.ਸੀ ਲੜੀ ਨੰ: ਹ ਤੇ ਦਰਸਾਈ ਰਕਮ 5 ਸਾਲਾਂ ਦੌਰਾਨ 5 ਸਲਾਨਾ ਕਿਸਤਾਂ ਵਿੱਚ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ ਤੇ ਅਜਿਹਾ ਕਰਨ ਨਾਲ ਪੰਜਾਂ ਸਾਲਾਂ ਤੱਕ ਪ੍ਰਤੀ ਸਾਲ ਕੁੱਲ 23.32 ਕਰੋੜ ਰੁਪਏ ਦੀ ਕਿਸਤ ਜਮਾਂ ਕਰਵਾਉਣੀ ਪਵੇਗੀ ਜੋ ਕਿ ਵੱਖ ਵੱਖ ਅਥਾਰਿਟੀਆਂ ਤੋਂ ਬਣਦਾ ਹਿੱਸਾ ਪ੍ਰਾਪਤ ਕਰਕੇ ਜਮ੍ਹਾਂ ਕਰਵਾਈ ਜਾ ਸਕਦੀ ਹੈ।

ਉਕਤ ਤੱਥਾਂ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਪੁੱਡਾ ਕਰਮਚਾਰੀਆਂ ਨੂੰ ਐਲ.ਆਈ.ਸੀ. ਵਲੋਂ ਦਿੱਤੀ ਗਈ ਪੈਨਸ਼ਨ ਸਕੀਮ ਚੰਡੀਗੜ ਹਾਉਸਿੰਗ ਬੋਰਡ ਦੇ ਪੈਟਰਨ ਤੇ ਲਾਗੂ ਕਰਨ ਲਈ ਮਾਮਲਾ ਅਥਾਰਿਟੀ ਅੱਗੇ ਵਿਚਾਰਨ ਤੇ ਪ੍ਰਵਾਨਗੀ ਲਈ ਪੇਸ਼ ਹੈ। ਅਥਾਰਿਟੀ ਦੀ ਪ੍ਰਵਾਨਗੀ ਉਪਰੰਤ ਇਸ ਸਕੀਮ ਨੂੰ ਲਾਗੂ ਕਰਨ ਸਬੰਧੀ ਅਗਲੀ ਕਾਰਵਾਈ ਕਰਨ ਦੇ ਅਧਿਕਾਰ ਮੁੱਖ ਪ੍ਰਸਾਸਕ, ਪੁੱਡਾ ਨੂੰ ਦੇ ਦਿੱਤੇ ਜਾਣ।

ਮਾਮਲਾ ਅਥਾਰਿਟੀ ਦੀ ਜਾਣਕਾਰੀ ਅਤੇ ਪ੍ਰਵਾਨਗੀ ਲਈ ਪੇਸ਼ ਹੈ ਜੀ।

APPENDIX – III

COMPARATIVE STATEMENT OF OFFERS SUBMITTED BY VARIOUS COMPANIES FOR PENSION LIABILITIES OF PUDA EMPLOYEES

	Reliance Life	SBI Life	Bajaj Allianz Life	HDFC Standard Life	LIC of India	ICICI
	1	2	3	4	5	6
No. Employees	1656	1603	1651	1656	1656	1638
Average Age	47	47.13			46.21	48
Average Basic	16606	21244			16709	8343
Salary escalatiaon	6%	6%	6%	5%	6%	6% to 10%
Discount Rate	8%	8%	8%	8%	8%	8%
Return		8.15% 2008-09	Guaranted return 7.5%		9.4% 2008-09	not mentioned
Plan	ULIP	Traditional	ULIP/ Traditional	ULIP	Traditional	ULIP
Past Liability Rs.	148 cr.	140 Cr.	171.3 Cr.	168.42 Cr.	248.07 **	211 Cr
Future Liability		16.63% of AWB	12% of AWB	15% of AWB	12% of AWB	
Total Liability		147 Cr	175.2 Cr.	12% of AWB		
Fund Management charges	Not mentioned	Not mentioned	0.50%	1.25%	Not mentioned	Not mentioned

Notes:-

1. AVIVA does not have product and metlife has quoated only for class 1, 2 and 3. Therefore both these companies have been excluded.
2. IN ULIP platform FMC is taken at the calculation of NAV it may or may not be shown.
3. Bajaj is offering minimum guaranteed return which no other insurance co is giving.
4. Bajaj & SBI have stated that salary has been escalated by 25% for valuation.

LIC

भारतीय जीवन बीमा निगम
LIFE INSURANCE CORPORATION OF INDIA
PENSION & GROUP SCHEMES UNIT, "JEEVAN PRAKASH BUILDING"
SECTOR – 17-B, CHANDIGARH.
TELEPHONE No. [illegible], 2728954, 2702278 FAX – 270145

P&GS/GSCA

Dated: 16.08.2010

The Chief Administrator,
Punjab Urban Planning & Dev. Authority,
PUDA Bhavan, Phase VIII, Mohali.

Dear Sir,

Reg : Group Superannuation (DA Linked) Scheme on the pattern of Punjab Govt. Employees' Pension Rules.

At the outset, we wish to express sincere thanks for showing keen interest in our most popular superannuation product.

Although, LIC of India needs no introduction being the largest insurer and the premier financial institution of the country, yet it is an honour to apprise you of some facts about our organization, in brief:

- LIC of India was formed by an Act of Parliament namely L.I.C. of India Act, 1956 when 248 private insurance companies were nationalized.
- For the past 54 years, LIC of India has been a name to reckon with and life insurance has become the synonymous with LIC.
- **LIC of India is one of the largest financial institutions of the country, the largest life insurer and pension provider.**
- It has not only been in insurance business for the past five decades but also has been the pillar of India and has contributed immensely to the national development.

OUR STRENGTHS:

- **Total Life fund of the Corporation has crossed Rs.8,20,000 crores.**
- Over 23 crores policyholders.
- **Section 37 of LIC of India Act, 1956 provides sovereign guarantee from Government of India to the funds invested with LIC of India by its policyholders.**
- Unbreakable record of settling 2 claims in every second and outstanding claim ratio is nominal, probably the lowest in the world.
- Declared **lowest expenses ratio insurer** of Insurance Regulatory & Dev. Authority.
- Points of presence sufficient to provide service at the policy holder's doorstep.

Sir, Punjab Urban Planning & Development Authority furnished us the data of 1483 employees and we have done the actuarial valuation as desired under Accounting Standard-15(R) for the benefits to be provided on

t' ^ basis of Punjab Government Employees' Pension Rules as applicable currently and as amended from time to time. The broad features of the scheme are as under:

Eligibility: All regular employees retiring from service are entitled to pension except if qualifying service at the time of retirement is less than 10 years no pension is admissible.

An employee who seeks voluntary retirement after completion of twenty years of qualifying service, pension benefit is payable.

Amount of Pension: a) Determined by length of qualifying service. Fraction of a year equal to six monthly period.

b) Pension calculated on average emolument drawn during last 10 months immediately preceding the date of retirement.

c) The formula for calculating pension is as under. On the basic pension so arrived, DA is payable at the prevailing rates from time to time.

Formula for calculation of Pension:

$$\frac{\text{Ten months' average emoluments}}{2} \times \frac{\text{Six monthly completed periods of qualifying service (maximum 66)}}{66}$$

Commutation of Pension: 40% of pension can be commuted. Fraction of pension so commuted shall be restored after completion of 70 years of age.

Family Pension: 30% of Basic Pay.

In case of death of an employee while in service or after retirement before attaining age 65 the amount of family pension would be fixed at double the amount of family pension subject to the condition that such enhanced family pension does not exceed 50% of the pay last drawn.

The above benefits are payable to all those employees who are on regular basis on PUDA roll on or before 31.12.2003 as for the new employees who have joined on or after 01.01.2004, Government has come out with new pension scheme.

Membership Data:

a)	Number of members	: 1483
b)	Average monthly salary	: Rs.21,614/-
c)	Average past service	: 20 years
d)	Valuation rate of discount	: 8%
e)	Salary escalation	: 6% p.a.
f)	Retirement age	: 58 years/60 years

Initial contribution recommended : **Rs.161.90 crores**

Annual Contribution : Rs 6.61 crores

Funding the liability in lump sum would not only make the organization free from planning for past liability but also ensure smooth functioning of the scheme. However, alternatively PUDA can also plan to fund the liability in maximum of five annual instalments.

Kindly note that the valuation is done on the basis of members' data. Contribution rate may change in future depending upon the experience of the scheme. It is necessary to carry out the actuarial valuation periodically. It may be noted that the above results are as per actuarial valuation which is based upon certain

assumptions about the future experience of the scheme. Further, the results are particularly sensitive to the difference between assumed rate of discount and the assumed rate of escalation in salary.

By adopting the above scheme PUDA would also be benefited in many ways which are detailed below in brief:

INCOME TAX BENEFITS:
Employer's initial contributions are allowed as a deduction in full in computation of business income under Section 36(i)(v) of Income Tax Act.

TAX FREE INTEREST:
The interest, which for the financial year 2009-10 was declared as 9.40% on the above fund size, credited by LIC in the Fund account is tax free under Section 10(25)(iii) of Income Tax Act.

HIGHER RATE OF INTEREST:
LIC is in the practice of combining all the funds like Gratuity, Superannuation, Leave Encashment Schemes for deciding the higher rate of interest. As we are already maintaining the gratuity funds of PUDA, hence you may earn still higher rate of interest due to clubbing of the funds.

SECURITY & SAFETY OF FUNDS:
Funds are completely secure with LIC of India, as it is privileged with sovereign guarantee from Government of India under section 37 of LIC of India Act, 1956. This ensures that future of the employees is safe with LIC of India.

LONG INVESTMENT EXPERTISE:
LIC of India enjoys 54 years of investment expertise and currently managing a fund size of over Rs.8,20,000 crores and is honoured to service over one lakh corporates/group clients.

NO ADMINISTRATIVE CHARGES:
We do not levy any administrative charges for servicing of the scheme.

In view of what has been detailed above, you would kindly appreciate that adoption of the above scheme will not only ensure the welfare of the employees but also benefit the Punjab Urban Planning & Development Authority.

We, therefore, request you to consider the proposal favourably.

Thanking you,

Yours faithfully,

Gurmel Singh Parmar
Divisional Manager (P&GS)
Ph 9914796960

ਅਜੰਡਾ ਆਈਟਮ ਨੰ: 1.02

(ਕਾਰਜਕਾਰੀ ਕਮੇਟੀ ਮੀਟਿੰਗ)

(ਪ੍ਰਸਾਸਨ ਸਾਖਾ)

ਵਿਸ਼ਾ:- **ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ (ਟੀ.ਏ) ਰੈਗੂਲੇਸਨ 1997 ਵਿੱਚ ਸੋਧ ਕਰਨ ਸਬੰਧੀ ।**

ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ (ਟੀ.ਏ) ਰੈਗੂਲੇਸਨ 1997 ਰਾਹੀਂ ਪੁੱਡਾ ਕਰਮਚਾਰੀਆਂ ਦੀਆਂ ਵੱਖ ਵੱਖ ਕੈਟਾਗਰੀਆਂ ਨੂੰ ਵੱਖ ਵੱਖ ਸਹਿਰਾਂ ਦੀ ਦਰਜਾਵੰਦੀ, ਡੇਲੀ ਅਲਾਉਸ, ਸਫਰ ਕਰਨ ਲਈ ਸਾਧਨ ਦੀ ਇਨਟਾਇਟਲਮੈਂਟ, ਟੀ.ਏ ਦੋਰਾਨ ਰਿਹਾਇਸੀ ਸਹੁਲਤਾਂ ਲਈ ਪੁੱਡਾ ਦੇ ਬਿਜਨਸ ਨੂੰ ਧਿਆਨ ਵਿੱਚ ਰਖਦ ਹੋਏ ਪੁੱਡਾ ਕਰਮਚਾਰੀਆਂ ਨੂੰ ਮਿਲਣ ਯੋਗ ਟੀ.ਏ ਵਿਨਿਯਮ ਸਰਕਾਰ ਨਾਲੋਂ ਇਸ ਕਰਕੇ ਵਖਰੇ ਤਿਆਰ ਕੀਤੇ ਹਨ ਕਿ ਪਜੰਾਬ ਸਰਕਾਰ ਦੇ ਕਰਮਾਰੀਆਂ ਨੂੰ ਟੀ.ਏ ਦੋਰਾਨ ਮਿਲਣ ਯੋਗ ਸਰਕਾਰੀ ਸਹੁਲਤਾਂ ਪੁੱਡਾ ਕਰਮਚਾਰੀਆ ਨੂੰ ਨਹੀਂ ਮਿਲਦੀਆਂ ।

ਪੁੱਡਾ ਕਰਮਚਾਰੀ (ਟੀ.ਏ) ਰੈਗੂਲੇਸਨ 1997 ਦੇ ਵਿਨਿਯਮ 3 ਨੂੰ ਵੇਖਣ ਉਪਰੰਤ ਪਾਇਆ ਗਿਆ ਕਿ ਕਰਮਚਾਰੀਆਂ ਦਾ ਇਹ ਵਰਗੀਕਰਣ ਤੀਜੇ ਤਨਖਾਹ ਕਮਿਸਨ ਦੀਆਂ ਸਿਫਾਰਸਾਂ ਅਨਸਾਰ ਹੈ। ਤੀਜੇ ਤਨਖਾਹ ਕਮਿਸਨ ਵਲੋਂ ਘੋਸਿਤ ਕੀਤੀ ਮੰਹਿਗਾਈ ਵਿੱਚ ਮੌਜੂਦਾ ਮੰਹਿਗਾਈ ਦੀ ਦਰ ਦੇ ਹੋਏ ਵਾਧੇ ਅਨੁਸਾਰ ਸੋਧ ਕਰਨ ਲਈ ਵਿਚਾਰਨਾ ਬਣਦਾ ਹੈ। ਪੰਜਾਬ ਸਰਕਾਰ ਦੇ ਚੋਥੇ ਕਮਿਸਨ ਦੀਆਂ ਸਿਫਾਰਸਾਂ ਅਨੁਸਾਰ ਕਰਮਚਾਰੀਆਂ ਦਾ ਤਨਖਾਹ ਸਟਰਕਚਰ 40% ਦੇ ਹਿਸਾਬ ਨਾਲ ਅਤੇ ਪੰਜਵੇਂ ਤਨਖਾਹ ਕਮਿਸਨ ਅਨੁਸਾਰ 1.86 ਦੇ ਹਿਸਾਬ ਨਾਲ ਮੰਹਿਗਾਈ ਨੂੰ ਗੁਣਾ ਕਰਕੇ ਵਾਧਾ ਕੀਤਾ ਗਿਆ ਜਿਸ ਅਨੁਸਾਰ ਪੁੱਡਾ ਦੇ ਮੌਜੂਦਾ ਟੀ.ਏ ਰੇਗੂਲੇਸਨ ਦੇ ਰੇਟਾਂ ਨੂੰ ਇਸ ਦਰ ਨਾਲ ਗੁਣਾ ਕਰਦੇ ਹੌਏ ਵਾਧਾ ਕਰਨ ਦੀ ਤਜਵੀਜ ਹੈ ਜੋਕਿ ਲੇਖਾ ਸਾਖਾ ਵਲੋਂ ਦਿੱਤੀ ਸਹਿਮਤੀ ਅਨੁਸਾਰ ਹੇਠ ਅਨੁਸਾਰ ਅਥਾਰਿਟੀ ਦੇ ਸਨਮੁੱਖ ਹੈ:-

<u>RE-GRADATION OF PUDA EMPLOYEES FOR THE PURPOSE OF T.A. AND ENHANCED PROPOSED RATES OF T.A.</u>

<u>Regulation-2 (g)</u>

Pay means Grade Pay drawn by an employee against any post.

<u>Regulation-3</u>

Gradation: The employee shall be graded in the following category for the purpose of the regulations, namely:-

(a) all members of the Authority whether officials or ex-officio or employees drawing Grade Pay Rs. 10,000 and above shall be in Grade-A.

(b) Employee drawing Grade Pay of Rs. 7600-9999 shall be in Grade-B.

(c) Empolyees drawing Grade Pay of Rs. 5000-7599 shall be in Grade-C.

(d) Empolyees drawing Grade Pay of Rs. 3800-4999 shall be in Grade-D.

(e) All employees drawing Grade Pay below Rs. 3800 shall be in Grade-E.

Regulation-7

d & e	Grade D&E employees	(i) By 2nd class two tier or three tier sleeper (ii) Ordinary bus.	Ordinary bus or Rickshaw

Regulation-12 (2)

The rate of daily allowance admissible in cities as classified in sub-rule (1) and within the State of Punjab including Chandigarh shall be as under:-

Classification of officers/ officials	Class of City	Rate of daily allowance
Chairman, Co-Chairman, Vice Chairman and all members of service. or Grade-A employees	A Class B Class	Rs. 1000 Rs. 500
Grade Pay Grade-B employees	A Class B Class	Rs. 800 Rs. 400
Grade Pay Grade-C employees	A Class B Class	Rs. 550 Rs. 250
Grade Pay Grade-D employees	A Class B Class	Rs. 350 Rs. 150
Grade Pay Grade-E employees	A Class B Class	Rs. 250 Rs. 100

Regulation-14

Rates of Lodging and Boarding shall be as follows:-

Grade Pay Category of employee	A Class Cities	B Class Cities
Grade Pay Grade-A	Rs. 6000	75% of the rate fixed for A class cities.
Grade Pay Grade-B	Rs. 5000	75% of the rate fixed for A class cities.
Grade Pay Grade-C	Rs. 4000	75% of the rate fixed for A class cities.
Grade Pay Grade-D	Rs. 3000	75% of the rate fixed for A class cities.
Grade Pay Grade-E	Rs. 2000	75% of the rate fixed for A class cities.

The other conditions for daily allowance should remain in force: For example:

a) No allowance should be permissible within a radius of 8 Kms from the place of duty. Road mileage at fixed rates discussed subsequently should, however, continue to be paid for this journey except to employees who are in receipt of local travelling and conveyance allowance.

b) Journey beyond 8 kms and within 25 kms of the place of duty should be treated as local journeys. Daily allownace should be admissible for a calendar day at half the normal rate irrespective of the period of absence if the employee returns to Headquarters the same day. But when such a journey involves night stay, an employee should be entitled to normal travelling allowance.

c) A full daily allowance should be admissible for journeys beyond 25 kms from headquarters if the period of absence is six hours and more. If the period of absence is less than six hours, half daily allowance should be admissible; and

d) No incidental charges should be payable in addition to the Daily allowance/Half daily allowance.

Regulation-18

Journey by own conveyance:-The Chief Administrator may be special permission allow the following categories of employees to perform journey on tour in their own conveyance, if such journey is considered essential in the interest of the Authority's work as per rates below:-

Grade Pay Cateogry of Employees	**Type of conveyance permitted to be used**	**Rate of Mileage allowance per KM.**
1. Employees drawing Grade Pay Rs.1900 to Rs. 4999	Scooter or Motor Cycle or Moped	Rs. 6/-.
2 Employees drawing Grade Rs. 5000 & above.	Car	Rs. 10/-.

Note:- **The employee drawing grade pay of Rs. 5,000/- or above shall be allowed to use their own car.**

Regulation-21

Journey not covered by these regulations:- For journey not covered by these regulations (i.e. Journey to home town on retirement, Journey to give evidence in inquiry after retirement and TA

on transfer) travelling allowance as per provisions of Punjab Civil Services Rules Vol-III (TA Rules) shall be applicable with the approval of Competent Authority as provided under delegation of powers.

Regulation-22

Matters not provided in these regualations:- In matters for which no specific provisions is made in these regulations or any other regulations made by the Authority employees will be entitled for claim as per Punjab Civil Services Rules Vol-III (TA Rules).

ਮਾਮਲਾ ਕਾਰਜਕਾਰੀ ਕਮੇਟੀ ਦੇ ਸਨਮੁੱਖ ਵਿਚਾਰਨ ਹਿੱਤ ਪੇਸ ਹੈ ਜੀ ।